रजिस्ट्री सं. डी-221

Price : Rs. 4-00
REGISTERED NO. D-221
ਰਜਿਸਟਰੀ ਨੰ : ਡੀ-221

भारत का राजपत्र
The Gazette of India
ਭਾਰਤ ਦਾ ਗੱਜ਼ਟ

असाधारण
EXTRAORDINARY
ਅਸਾਧਾਰਣ
भाग XIV - अनुभाग - 1
PART - XIV - SECTION - 1
ਭਾਗ - XIV - ਅਨੁਭਾਗ - 1
प्राधिकार से प्रकाशित
PUBLISHED BY AUTHORITY
ਸੱਤਾ ਨਾਲ ਪ੍ਰਕਾਸ਼ਤ

सं. 5]	नई दिल्ली,	वीरवार, 24 जून, 1999	/3 आषाढ़,	1921 (शक)	[खण्ड IX]
No.5]	NEW DELHI,	THURSDAY,JUNE 24, 1999	/3 ASADHA,	1921 (SAKA)	[VOL. IX]
ਨੰ : 5]	ਨਵੀਂ ਦਿੱਲੀ,	ਵੀਰਵਾਰ, 24 ਜੂਨ, 1999	/3 ਹਾੜ,	1921 (ਸ਼ਕ)	[ਜਿਲਦ IX]

विधि और न्याय मंत्रालय
(विधायी विभाग)
नई दिल्ली, वीरवार, 24 जून 1999/3 आषाढ़, 1921 (शक)

(1) कर्मशीयल डाकूमैन्टस ऐवीडैन्स एक्ट, 1939 (2) फारन मैरिज एक्ट, 1969, (3) इन्डसटरीयल डिसपियूटस (बैकिंग एण्ड इनशोरेंन्स) एक्ट, 1949 (4) कोपरेटिव सोसाईटीज एक्ट, 1912 (5) पुलिस एक्ट, 1861 (6) इकनोमिक ओफैनसिज़ (इनऐपलिकेविलटी ऑफ लिमिटेसन) एक्ट, 1974 (7) कच्ची मैमन एक्ट, 1938 (8) ऐकसपलोसिव सवसटासिज़ एक्ट, 1908 और (9) इन्डीयन क्रीसंचयन मैरिज एक्ट, 1972 के पंजाबी अनुवाद राष्ट्रपति के प्राधिकार से प्रकाशित किये जाते हैं और प्राधिकृत पाठ (केन्द्रीय विधि) अधिनियम, 1973 (1973 का 50) की धारा 2 के खण्ड (क) के अधीन ये पंजाबी में उनके प्राधिकृत पाठ समझे जायेंगे।

MINISTRY OF LAW AND JUSTICE
(LEGISLATIVE DEPARTMENT)
NEW DELHI, THURSDAY, JUNE 24, 1999/ASADHA 3, 1921 (SAKA)

The translations in Punjabi of (1) The Commercial Documents Evidence Act, 1939 (2) The Foreign Marriage Act, 1969 (3) The Industrial Disputes (Banking and Insurance Companies) Act, 1949 (4) The Co-operative Societies Act, 1912 (5) The Police Act, 1861 (6) The Economic Offences (Inapplicability of Limitation) Act, 1974 (7) The Cutchi Memons Act, 1938 (8) The Explosive substances Act, 1908 and (9) The Indian Christian Marriage Act, 1872 are here by published under the authority of the President and shall be deemed to be the authoritative text there of in Punjabi under clause (a) of Section 2 of the Authoritative Texts (Central Laws) Act, 1973 (50 of 1973).

ਕਾਨੂੰਨ ਅਤੇ ਨਿਆਂ ਮੰਤ੍ਰਾਲਾ

(ਵਿਧਾਨ ਵਿਭਾਗ)

ਨਵੀਂ ਦਿੱਲੀ, ਵੀਰਵਾਰ, 24 ਜੂਨ, 1999/3 ਹਾੜ, 1921 (ਸ਼ਕ)

(1) ਕਮਰਸ਼ੀਅਲ ਡਾਕੂਮੈਂਟਸ ਐਵੀਡੈਂਸ ਐਕਟ, 1939, (2) ਫਾਰਨ ਮੈਰਿਜ ਐਕਟ, 1969, (3) ਇੰਡਸਟਰੀਅਲ ਡਿਸਪਿਊਟਸ (ਬੈਂਕਿੰਗ ਐਂਡ ਇੰਸੋਰੇਂਸ ਕੰਪਨੀਜ਼) ਐਕਟ, 1949, (4) ਕੋਆਪਰੇਟਿਵ ਸੋਸਾਇਟੀਜ਼ ਐਕਟ, 1912, (5) ਪੁਲਿਸ ਐਕਟ, 1861, (6) ਇਕਨਾਮਿਕ ਔਫੈਂਸੇਜ (ਇਨਐਪਲੀਕੇਬਲਟੀ ਆਫ਼ ਲਿਮੀਟੇਸ਼ਨ) ਐਕਟ, 1974, (7) ਕੱਚੀ ਮੈਮਨ ਐਕਟ, 1938, (8) ਐਕਸਪਲੋਸਿਵ ਸਬਸਟਾਂਸਜ਼ ਐਕਟ, 1908 ਅਤੇ (9) ਇੰਡੀਅਨ ਕ੍ਰਿਸਚੀਅਨ ਮੈਰਿਜ਼ ਐਕਟ, 1872 ਦੇ ਪੰਜਾਬੀ ਅਨੁਵਾਦ ਰਾਸ਼ਟਰਪਤੀ ਦੀ ਸੱਤਾ ਅਧੀਨ ਇਸ ਦੁਆਰਾ ਪ੍ਰਕਾਸ਼ਤ ਕੀਤੇ ਜਾਦੇ ਹਨ ਅਤੇ ਸੱਤਾਯੁਕਤ ਪਾਠ (ਕੇਂਦਰੀ ਕਾਨੂੰਨ) ਐਕਟ, (1973 ਦਾ 50) ਦੀ ਧਾਰਾ 2 ਦੇ ਖੰਡ (ਓ) ਅਧੀਨ ਉਨ੍ਹਾਂ ਦੇ ਪੰਜਾਬੀ ਵਿੱਚ ਸੱਤਾਯੁਕਤ ਪਾਠ ਸਮਝੇ ਜਾਣਗੇ ।

ਵਣਜਕ ਦਸਤਾਵੇਜ਼ਾਂ ਦੀ ਸ਼ਹਾਦਤ ਐਕਟ, 1939

(1939 ਦਾ ਐਕਟ ਨੰ: 30)
(15 ਅਪ੍ਰੈਲ,1998 ਤੱਕ ਸੋਧੇ ਅਨੁਸਾਰ)

[26 ਸਤੰਬਰ, 1939]

ਕੁਝ ਕੁ ਵਣਜਕ ਦਸਤਾਵੇਜਾਂ ਬਾਰੇ ਸ਼ਹਾਦਤ ਦੇ ਕਾਨੂੰਨ ਨੂੰ ਸੋਧਣ ਲਈ ਐਕਟ ।

ਕਿਉਂਜੋ ਕੁਝ ਕੁ ਵਣਜਕ ਦਸਤਾਵੇਜ਼ਾਂ ਬਾਰੇ ਸ਼ਹਾਦਤ ਦੇ ਕਾਨੂੰਨ ਨੂੰ ਸੋਧਣਾ ਕਾਲਉਚਿਤ ਹੈ ;

ਇਸ ਲਈ ਇਸ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣਾਇਆ ਜਾਂਦਾ ਹੈ:-

ਸੰਖੇਪ ਨਾਂ ਅਤੇ ਵਿਸਤਾਰ ।

1. (1) ਇਸ ਐਕਟ ਨੂੰ ਵਣਜਕ ਦਸਤਾਵੇਜ਼ਾਂ ਦੀ ਸ਼ਹਾਦਤ ਐਕਟ, 1939 ਕਿਹਾ ਜਾ ਸਕੇਗਾ ।

(2) ਇਸ ਦਾ ਵਿਸਤਾਰ, ਉਨ੍ਹਾਂ ਰਾਜਖੇਤਰਾਂ ਦੇ ਸਿਵਾਏ ਜੋ ਪਹਿਲੀ ਨਵੰਬਰ, 1956 ਤੋਂ ਤੁਰਤ ਪਹਿਲਾਂ ਭਾਗ ਅ ਰਾਜਾਂ ਵਿਚ ਸਮਾਵਿਸ਼ਟ ਸਨ, ਸਾਰੇ ਭਾਰਤ ਤੇ ਹੈ ।

ਅਨੁਸੂਚਿਤ ਦਸਤਾਵੇਜ਼ਾਂ ਵਿੱਚ ਸੁਸੰਗਤ ਤੱਥਾਂ ਦੇ ਬਿਆਨਾਂ ਦਾ ਖੁਦ ਸੁਸੰਗਤ ਤੱਥ ਹੋਣਾ।

2. ਭਾਰਤੀ ਸ਼ਹਾਦਤ ਐਕਟ, 1872 ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਅਨੁਸੂਚੀ ਵਿੱਚ ਸ਼ਾਮਲ ਕਿਸੇ ਦਸਤਾਵੇਜ਼ ਵਿੱਚ, ਤਨਕੀਹ ਅਧੀਨ ਤੱਥਾਂ ਦੇ ਜਾਂ ਸੁਸੰਗਤ ਤੱਥਾਂ ਦੇ ਬਿਆਨ, ਜੋ ਅਜਿਹੀਆਂ ਦਸਤਾਵੇਜ਼ਾਂ ਵਿੱਚ ਆਮ ਤੌਰ ਤੇ ਬਿਆਨ ਕੀਤੇ ਜਾਣ ਵਾਲੇ ਵਿਸ਼ਿਆਂ ਬਾਬਤ ਕੀਤੇ ਗਏ ਹਨ, ਉਸ ਐਕਟ ਦੇ ਅਰਥ ਅੰਦਰ ਖੁਦ ਸੁਸੰਗਤ ਤੱਥ ਹੋਣਗੇ । 1872 ਦਾ 1

ਦਸਤਾਵੇਜ਼ਾਂ ਦੇ ਅਸਲੀ ਹੋਣ ਬਾਬਤ ਕਿਆਸ ।

3. ਭਾਰਤੀ ਸ਼ਹਾਦਤ ਐਕਟ, 1872 ਦੇ ਪ੍ਰਯੋਜਨਾਂ ਲਈ, ਅਤੇ ਉਸ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਅਦਾਲਤ- 1872 ਦਾ 1

(ਉ) ਅਨੁਸੂਚੀ ਦੇ ਭਾਗ I ਵਿੱਚ ਸ਼ਾਮਲ ਦਸਤਾਵੇਜ਼ਾਂ ਦੇ ਸੰਬੰਧ ਵਿੱਚ, ਉਸ ਐਕਟ ਦੇ ਅਰਥ ਅੰਦਰ ਇਹ ਕਿਆਸ ਕਰੇਗੀ, ਅਤੇ

(ਅ) ਅਨੁਸੂਚੀ ਦੇ ਭਾਗ II ਵਿੱਚ ਸ਼ਾਮਲ ਦਸਤਾਵੇਜ਼ਾਂ ਦੇ ਸੰਬੰਧ ਵਿੱਚ, ਉਸ ਐਕਟ ਦੇ ਅਰਥ ਅੰਦਰ ਇਹ ਕਿਆਸ ਕਰ ਸਕੇਗੀ,

ਕਿ ਕੋਈ ਦਸਤਾਵੇਜ਼ ਜਿਸ ਦੇ ਬਾਰੇ ਵਿੱਚ ਤਾਤਪਰਜਿਤ ਹੈ ਕਿ ਉਹ ਅਜਿਹੀ ਦਸਤਾਵੇਜ਼ ਹੈ ਜੋ ਅਨੁਸੂਚੀ ਦੇ ਭਾਗ I ਜਾਂ ਭਾਗ II, ਜਿਹੀ ਕਿ ਸੂਰਤ ਹੋਵੇ, ਵਿੱਚ ਸ਼ਾਮਲ ਹੈ ਅਤੇ ਮੁਨਾਸਬ ਅਥਾਰਿਟੀ ਦੁਆਰਾ, ਜਾਂ ਉਸਦੇ ਅਧੀਨ, ਠੀਕ ਤੌਰ ਤੇ ਤਿਆਰ ਕੀਤੀ ਗਈ ਹੈ, ਉਸੇ ਤਰ੍ਹਾਂ ਤਿਆਰ ਕੀਤੀ ਗਈ ਸੀ ਅਤੇ ਉਸ ਵਿੱਚ ਦਰਜ ਬਿਆਨ ਸਹੀ ਹਨ ।

ਪਰਿਭਾਸ਼ਾ ।

4. ਅਨੁਸੂਚੀ ਵਿੱਚ ''ਮਾਨਤਾ-ਪ੍ਰਾਪਤ ਵਣਜ ਮੰਡਲ'' ਪਦ ਦਾ ਮਤਲਬ ਹੈ ਅਜਿਹਾ ਵਣਜ ਮੰਡਲ ਜਿਸ ਨੂੰ ਉਸ ਦੇ ਦੇਸ਼ ਦੀ ਸਰਕਾਰ ਨੇ ਇਹ ਮਾਨਤਾ ਦੇ ਰੱਖੀ ਹੋਵੇ ਕਿ ਉਹ ਮੂਲ-ਸਥਾਨ ਪ੍ਰਮਾਣ-ਪੱਤਰ ਜਾਰੀ ਕਰਨ ਲਈ ਸ਼ਕਤਵਾਨ ਹੈ, ਅਤੇ ਇਸ ਵਿੱਚ ਉਸੇ ਤਰ੍ਹਾਂ ਮਾਨਤਾ-ਪ੍ਰਾਪਤ ਕੋਈ ਹੋਰ ਸਭਾ ਸ਼ਾਮਲ ਹੈ।

ਅਨੁਸੂਚੀ

[ਵੇਖੋ ਧਾਰਾਵਾਂ 2 ਅਤੇ 3]

ਭਾਗ I

ਉਹ ਦਸਤਾਵੇਜ਼ਾਂ ਜਿਨ੍ਹਾਂ ਦੇ ਸੰਬੰਧ ਵਿੱਚ ਅਦਾਲਤ ''ਕਿਆਸ ਕਰੇਗੀ'' ।

1. ਲਾਇਡਜ਼ ਰਜਿਸਟਰ ਔਫ਼ ਸ਼ਿਪਿੰਗ ।
2. ਲਾਇਡਜ਼ ਡੇਲੀ ਸ਼ਿਪਿੰਗ ਇੰਡੈਕਸ ।
3. ਲਾਇਡਜ਼ ਲੋਡਿੰਗ ਲਿਸਟ ।
4. ਲਾਇਡਜ਼ ਵੀਕਲੀ ਕੈਜੂਅਲਟੀ ਰਿਪੋਰਟਸ ।

5. ਮੈਨਚੈਸਟਰ ਸ਼ਿਪ ਕੈਨਾਲ ਕੰਪਨੀ ਨੂੰ ਮਾਲ ਦੀ ਹਵਾਲਗੀ ਦਾ ਪ੍ਰਮਾਣ-ਪੱਤਰ ।

6. ਕਿਸੇ ਬਰਤਾਨਵੀ ਸਮੁੰਦਰੀ ਜਹਾਜ਼ ਦੁਆਰਾ ਰਖੀ ਗਈ ਆਫਿਸ਼ਿਲ ਲਾਗ ਬੁੱਕ, ਅਨੁਪੂਰਕ, ਆਫਿਸ਼ਿਲ ਲਾਗ ਬੁੱਕ ਅਤੇ ਆਫ਼ਿਸ਼ਿਲ ਵਾਇਰਲੈਸ ਲਾਗ ਬੁੱਕ ।

7. ਰਜਿਸਟਰੀ ਪ੍ਰਮਾਣ-ਪੱਤਰ, ਸੁਰੱਖਿਆ ਪ੍ਰਮਾਣ-ਪੱਤਰ, ਸੁਰੱਖਿਆ ਰੇਡੀਓ-ਟੈਲੀਗ੍ਰਾਫੀ ਪ੍ਰਮਾਣ-ਪੱਤਰ, ਛੋਟ ਦਾ ਪ੍ਰਮਾਣ-ਪੱਤਰ, ਸਰਵੇਖਣ ਪ੍ਰਮਾਣ-ਪੱਤਰ, ਸਰਵੇਖਣ ਦੇ ਐਲਾਨ, ਕੋਮਾਂਤਰੀ ਲੋਡ ਲਾਈਨ ਪ੍ਰਮਾਣ-ਪੱਤਰ, ਭਾਰਤੀ ਲੋਡ ਲਾਈਨ ਪ੍ਰਮਾਣ-ਪੱਤਰ, ਅਜਿਹੇ ਸਮੁੰਦਰੀ ਜਹਾਜ਼ ਦੇ ਸਰਵੇਖਣ ਦੀ ਰਿਪੋਟ ਜਿਸ ਨੂੰ ਇਸ ਲਈ ਆਰਜ਼ੀ ਤੌਰ ਤੇ ਰੋਕ ਲਿਆ ਗਿਆ ਹੋਵੇ ਕਿ ਉਹ ਅਸੁਰੱਖਿਅਤ ਹੈ, ਸਰਵੇਖਣ ਕਰਨ ਤੇ ਅਸੁਰੱਖਿਅਤ ਐਲਾਨ ਕੀਤੇ ਸਮੁੰਦਰੀ ਜਹਾਜ਼ ਦੇ ਮਾਸਟਰ ਤੇ ਤਾਮੀਲ ਕੀਤੀ ਜਾਣ ਵਾਲੀ ਸਰਵੇਖਣ ਦੀ ਰਿਪੋਟ, ਡਾਕਿੰਗ ਪ੍ਰਮਾਣ-ਪੱਤਰ, ਸਮੁੰਦਰੀ ਜੀਵਨ ਦੀ ਸੁਰਖਿਆ ਲਈ ਕੌਮਾਂਤਰੀ ਕਨਵੇਨਸ਼ਨ, 1929 ਦੇ ਅਨੁਛੇਦ 56 ਅਧੀਨ ਜਾਰੀ ਕੀਤਾ ਗਿਆ ਯਾਦ-ਪੱਤਰ ।

8. 'ਦ ਇੰਡੀਅਨ ਮਰਚੰਟ ਸ਼ਿਪਿੰਗ ਐਕਟ, 1923' ਅਧੀਨ ਜਾਰੀ ਕੀਤੇ ਗਏ ਪ੍ਰਮਾਣ-ਪੱਤਰ ਓ ਅਤੇ ਅ ।

9. ਸਮੁੰਦਰੀ ਬੀਮੇ ਨਾਲ ਸੰਬੰਧਤ ਹੇਠ-ਲਿਖੀਆਂ ਦਸਤਾਵੇਜ਼ਾਂ, ਅਰਥਾਤ, ਬੀਮਾ ਪਾਲਿਸੀ, ਪ੍ਰੀਮੀਅਮ ਦੀ ਰਸੀਦ, ਬੀਮਾ ਪ੍ਰਮਾਣ-ਪੱਤਰ ਅਤੇ ਬੀਮਾ ਕਵਰ ਨੋਟ ।

10. ਦੇਸੀ ਬੇੜੀ ਦੇ ਗੁਆਚ ਜਾਣ ਸੰਬੰਧੀ ਪ੍ਰਮਾਣ-ਪੱਤਰ, ਜੋ ਵਣਜ ਵਿਭਾਗ ਵਿੱਚ, ਵਪਾਰੀ ਬੇੜਾ ਵਿਭਾਗ ਦੇ 1938 ਦੇ ਗਸ਼ਤੀ ਪੱਤਰ ਨੰ: 2 ਅਧੀਨ ਮੁਨਾਸਬ ਅਥਾਰਿਟੀ ਦੁਆਰਾ ਜਾਰੀ ਕੀਤਾ ਗਿਆ ਹੋਵੇ ।

11. ਸਮੁੰਦਰੀ ਜਹਾਜ਼ ਦੇ ਮਾਲਕ ਦੀ ਉੱਤਰਦਾਇਤਾ ਤੇ ਪ੍ਰਭਾਵ ਪਾਉਣ ਵਾਲੇ ਹਾਲਾਤ ਸੰਬੰਧੀ ਸਮੁੰਦਰੀ ਜਹਾਜ਼ ਦੇ ਮਾਸਟਰ ਦੁਆਰਾ ਕਿਸੇ ਨੋਟਰੀ ਪਬਲਿਕ ਜਾਂ ਹੋਰ ਠੀਕ ਤੌਰ ਤੇ ਅਖ਼ਤਿਆਰਤ ਪਦ-ਧਾਰੀ ਅੱਗੇ ਕੀਤਾ ਗਿਆ ਪ੍ਰੋਟੈਸਟ ।

12. ਸਮੁੰਦਰੀ ਜਹਾਜ਼ਾਂ ਜਾਂ ਏਅਰਕ੍ਰਾਫ਼ਟ ਵਿੱਚ ਲਿਜਾਏ ਜਾਣ ਵਾਲੇ ਰੇਡੀਓ-ਟੈਲੀਗ੍ਰਾਫ਼ ਅਪਰੈਟਸ ਲਈ ਲਸੰਸ ਜਾਂ ਪਰਮਿਟ ।

13. ਕਿਸੇ ਏਅਰਕ੍ਰਾਫ਼ਟ ਦੇ ਰਜਿਸਟਰੀਕਰਣ ਦਾ ਪ੍ਰਮਾਣ-ਪੱਤਰ, ਜੋ ਉਸ ਦੇਸ਼ ਦੀ ਸਰਕਾਰ ਦੁਆਰਾ ਦਿੱਤਾ ਗਿਆ ਹੋਵੇ ਜਿਸਦਾ ਉਹ ਏਅਰਕ੍ਰਾਫ਼ਟ ਹੈ ।

14. ਕਿਸੇ ਏਅਰਕ੍ਰਾਫ਼ਟ ਦੇ ਉਡਣਯੋਗ ਹੋਣ ਦਾ ਪ੍ਰਮਾਣ-ਪੱਤਰ, ਜੋ ਉਸ ਦੇਸ਼ ਦੀ ਸਰਕਾਰ ਦੁਆਰਾ, ਜਾਂ ਉਸ ਦੀ ਸੱਤਾ ਅਧੀਨ ਦਿੱਤਾ ਜਾਂ ਜਾਇਜ਼ ਕੀਤਾ ਗਿਆ ਹੋਵੇ ਜਿਸ ਦੇਸ਼ ਦਾ ਉਹ ਏਅਰਕ੍ਰਾਫ਼ਟ ਹੈ ।

15. ਏਅਰਕ੍ਰਾਫ਼ਟ ਕਰਮਚਾਰੀ ਵਰਗ ਦੇ ਮੈਂਬਰਾਂ ਦੀ ਸੁਯੋਗਤਾ ਬਾਰੇ ਲਸੰਸ ਅਤੇ ਪ੍ਰਮਾਣ-ਪੱਤਰ, ਜੋ ਉਸ ਦੇਸ਼ ਦੀ ਸਰਕਾਰ ਦੁਆਰਾ, ਜਾਂ ਉਸਦੀ ਸੱਤਾ ਅਧੀਨ ਦਿੱਤੇ ਜਾਂ ਜਾਇਜ਼ ਕੀਤੇ ਗਏ ਹੋਣ ਜਿਸ ਦੇਸ਼ ਦੇ ਉਹ ਹਨ ।

16. ਗਰਾਉਂਡ ਇੰਜੀਨੀਅਰ ਲਸੰਸ ਜੋ ਸਰਕਾਰ ਦੁਆਰਾ ਇਸ ਨਮਿਤ ਅਖ਼ਤਿਆਰਤ ਕਿਸੇ ਸ਼ਕਤਵਾਨ ਅਥਾਰਿਟੀ ਨੇ ਜਾਰੀ ਕੀਤਾ ਹੋਵੇ ।

17. ਸਮੁੰਦਰੀ ਜਹਾਜ਼ ਤੇ ਲੱਦੇ ਗਏ ਜਾਂ ਰੋਕ ਲਏ ਗਏ ਮਾਲ ਬਾਰੇ ਕੌਂਸਲੀ ਪ੍ਰਮਾਣ-ਪੱਤਰ, ਮੂਲ-ਸਥਾਨ ਦੇ ਕੌਂਸਲੀ ਪ੍ਰਮਾਣ-ਪੱਤਰ ਅਤੇ ਕੌਂਸਲੀ ਬੀਚਕ ।

18. ਮਾਲ ਦੇ ਮੂਲ-ਸਥਾਨ ਦਾ ਪ੍ਰਮਾਣ-ਪੱਤਰ, ਜੋ ਕਿਸੇ ਮਾਨਤਾ-ਪ੍ਰਾਪਤ ਵਣਜ ਮੰਡਲ ਦੁਆਰਾ ਜਾਂ ਕਿਸੇ ਭਾਰਤੀ ਜਾਂ ਬਰਤਾਨਵੀਂ ਕੌਂਸਲੀ ਅਫ਼ਸਰ ਦੁਆਰਾ ਜਾਂ ਕਿਸੇ ਭਾਰਤੀ ਜਾਂ ਬਰਤਾਨਵੀ ਵਪਾਰ ਕਮਿਸ਼ਨਰ ਜਾਂ ਏਜੰਟ ਦੁਆਰਾ ਜਾਰੀ ਕੀਤਾ ਗਿਆ (ਪਰ ਕੇਵਲ ਤਸਦੀਕ ਕੀਤਾ ਨਹੀਂ) ਹੋਵੇ ।

19. ਸੀਮਾ-ਮਸੂਲ ਦੀ ਅਦਾਇਗੀ ਦੀ ਰਸੀਦ, ਜੋ ਕਿਸੇ ਸੀਮਾ-ਮਸੂਲ ਅਥਾਰਿਟੀ ਦੁਆਰਾ ਜਾਰੀ ਕੀਤੀ ਗਈ ਹੋਵੇ ।

20. ਕਿਸੇ ਬੰਦਰਗਾਹ, ਗੋਦੀ, ਹਾਰਬਰ, ਘਾਟ, ਜਾਂ ਮਾਲ-ਗੁਦਾਮ ਅਥਾਰਿਟੀ ਜਾਂ ਰੇਲਵੇ ਕੰਪਨੀ ਦੁਆਰਾ ਜਾਰੀ ਕੀਤੀ ਗਈ ਅਨੁਸੂਚੀ, ਜਿਸ ਵਿੱਚ ਮਾਲ ਦੇ ਸਟੋਰ ਕਰਨ, ਟਰਾਂਸਪੋਰਟ ਕਰਨ ਜਾਂ ਉਸ ਨਾਲ ਤਲਕ ਰਖਦੀਆਂ ਹੋਰ ਸੇਵਾਵਾਂ ਲਈ ਫ਼ੀਸਾਂ, ਦੇਣ ਯੋਗ ਰਕਮਾਂ, ਮਾਲ ਭਾੜੇ ਜਾਂ ਹੋਰ ਚਾਰਜ ਵਿਖਾਏ ਗਏ ਹੋਣ।

21. ਟਨ-ਭਾਰ ਅਨੁਸੂਚੀ, ਅਤੇ ਕੀਤੀਆਂ ਗਈਆਂ ਸੇਵਾਵਾਂ ਲਈ ਫ਼ੀਸ, ਕਮਿਸ਼ਨ ਜਾਂ ਹੋਰ ਚਾਰਜਾਂ ਦੀ ਅਨੁਸੂਚੀ, ਜੋ ਕਿਸੇ ਮਾਨਤਾ-ਪ੍ਰਾਪਤ ਵਣਜ ਮੰਡਲ ਦੁਆਰਾ ਜਾਰੀ ਕੀਤੀ ਗਈ ਹੋਵੇ ।

22. ਇੰਡੀਅਨ ਰੇਲਵੇ ਕਾਨਫਰੰਸ ਐਸੋਸੀਏਸ਼ਨ ਕੋਚਿੰਗ ਐਂਡ ਗੁਡਸ ਟੈਰਿਫ਼ਜ਼ ਦੇ ਨਾਂ ਨਾਲ ਜਾਣੀ ਜਾਂਦੀ ਪ੍ਰਕਾਸ਼ਨ ।

23. 'ਦ ਇੰਡੀਅਨ ਕੰਪਨੀਜ਼ ਐਕਟ, 1913' ਅਧੀਨ ਫਾਈਲ ਕੀਤੇ ਗਏ ਕਿਸੇ ਕੰਪਨੀ ਦੇ ਬਾਹਰੀ ਜਾਂ ਅੰਤਰ-ਨਿਯਮਾਂ ਦੀ ਨਕਲ, ਜੋ ਕੰਪਨੀਆਂ ਦੇ ਰਜਿਸਟਰਾਰ ਦੁਆਰਾ ਪ੍ਰਮਾਣਤ ਹੋਵੇ । 1913 ਦਾ 7

24. ਨੋਟਰੀ ਪਬਲਿਕ ਜਾਂ ਹੋਰ ਠੀਕ ਤੌਰ ਤੇ ਅਖ਼ਤਿਆਰ ਪਦ-ਧਾਰੀ ਅੱਗੇ ਵਟਾਂਦਰਾ-ਬਿਲ ਦੇ ਅਣਆਦਰ ਦਾ ਪ੍ਰੋਟੈਸਟ, ਨੋਟਿੰਗ ਅਤੇ ਪ੍ਰਮਾਣਨ ।

ਭਾਗ II

ਦਸਤਾਵੇਜ਼ਾਂ, ਜ਼ਿਨ੍ਹਾਂ ਦੇ ਸੰਬੰਧ ਵਿੱਚ ਅਦਾਲਤ ਕਿਆਸ ''ਕਰ ਸਕੇਗੀ'' ।

1 (i) ਲੱਦੇ ਗਏ ਜਹਾਜ਼ੀ ਮਾਲ ਬਾਰੇ, ਜਾਂ

(ii) ਲੱਦੇ ਗਏ ਕੋਲੇ ਦੀ ਮਿਕਦਾਰ ਦੀ ਪ੍ਰਮਾਣਨ ਬਾਰੇ, ਜਾਂ

(iii) ਡੈਕ ਦਵਾਰਾਂ ਦੀ ਸੁਰਖਿਆ ਬਾਰੇ,

ਸ਼ਕਤਵਾਨ ਅਥਾਰਿਟੀ ਦੁਆਰਾ ਜਾਰੀ ਕੀਤੀ ਗਈ ਸਰਵੇਖਣ ਰਿਪੋਟ ।

2. ਕਿਸੇ ਬਦੇਸ਼ੀ ਸਮੁੰਦਰੀ ਜਹਾਜ਼ ਦੁਆਰਾ ਰੱਖੀ ਗਈ ਆਫ਼ਿਸ਼ਿਲ ਲਾਗ ਬੁੱਕ, ਅਨੁਪੂਰਕ ਆਫ਼ਿਸ਼ਿਲ ਲਾਗ ਬੁੱਕ ਅਤੇ ਆਫ਼ਿਸ਼ਿਲ ਵਾਇਰਲੈਸ ਲਾਗ ਬੁੱਕ ।

3. ਕਿਸੇ ਪੋਰਟ, ਗੋਦੀ, ਬੰਦਰਗਾਹ, ਜਾਂ ਘਾਟ ਅਥਾਰਿਟੀ ਦੁਆਰਾ ਜਾਂ ਉਸਦੀ ਸੱਤਾ ਅਧੀਨ, ਜਾਰੀ ਕੀਤਾ ਗਿਆ ਗੋਦੀ ਪ੍ਰਮਾਣ-ਪੱਤਰ, ਗੋਦੀ ਚਲਾਨ, ਗੋਦੀ ਰਸੀਦ ਜਾਂ ਵਰੰਟ, ਪੋਰਟ ਮਾਲ-ਗੁਦਾਮ ਪ੍ਰਮਾਣ-ਪੱਤਰ ਜਾਂ ਵਰੰਟ ।

4. ਮਾਲ ਦੀ ਲਦਾਈ, ਸਵੀਕ੍ਰਿਤੀ ਲਈ ਮਾਲ ਦੇ ਪਹੁੰਚਣ, ਪੋਤਾਂ ਦੇ ਪਹੁੰਚਣ ਜਾਂ ਮਾਲ ਦੀ ਸਵੀਕ੍ਰਿਤੀ ਜਾਂ ਰਵਾਨਗੀ ਦੀ ਤਰੀਕ ਜਾਂ ਸਮੇਂ ਦੇ ਸੰਬੰਧ ਵਿਚ, ਜਾਂ ਪੋਤਾਂ ਨੂੰ ਘਾਟ ਤੇ ਲਾਉਣ ਦੀ ਥਾਂ ਦੇ ਟਿੱਕਣ ਦੇ ਸੰਬੰਧ ਵਿੱਚ, ਕਿਸੇ ਬੰਦਰਗਾਹ, ਗੋਦੀ, ਹਾਰਬਰ ਜਾਂ ਘਾਟ ਅਥਾਰਿਟੀ ਜਾਂ ਕਿਸੇ ਹੋਰ ਅਥਾਰਿਟੀ ਦੁਆਰਾ, ਜੋ ਜਹਾਜ਼ ਰਾਹੀਂ ਭੇਜਣ, ਟਰਾਂਸਪੋਰਟ ਕਰਨ ਜਾਂ ਹਵਾਲਗੀ ਲਈ ਮਾਲ ਸਵੀਕਾਰ ਕਰਨ ਦੇ ਬਾਰੇ ਕੰਟਰੋਲ ਰੱਖਦੀ ਹੈ, ਜਾਰੀ ਕੀਤਾ ਗਿਆ ਪ੍ਰਮਾਣ-ਪੱਤਰ ।

5. ਕਿਸੇ ਬੰਦਰਗਾਹ ਅਥਾਰਿਟੀ ਦੁਆਰਾ ਜਾਰੀ ਕੀਤੀ ਗਈ ਬਰਾਮਦ ਦਰਖ਼ਾਸਤ, ਜਿਸ ਵਿੱਚ ਕਿਸੇ ਖੇਪ ਲਈ ਅਦਾ ਕੀਤੀਆਂ ਗਈਆਂ ਦੇਣ ਯੋਗ ਰਕਮਾਂ, ਉਸਦਾ ਤੋਲ ਅਤੇ ਮਾਪ ਅਤੇ ਉਸਦਾ ਰੋਕਿਆ ਜਾਣਾ ਵਿਖਾਇਆ ਗਿਆ ਹੋਵੇ ।

6. ਕਾਨਫਰੰਸ-ਲਾਈਨਜ਼ ਦੇ ਆਫ਼ਿਸ਼ਿਲ ਮਾਪਕ ਦੁਆਰਾ ਜਾਂ ਅਜਿਹੇ ਮਾਪਕ ਦੁਆਰਾ ਜਿਸ ਨੇਂ ਸਹੁੰ ਚੁਕੀ ਹੋਵੇ ਜਾਂ ਜੋ ਲਸੰਸ-ਪ੍ਰਾਪਤ ਹੋਵੇ ਜਾਂ ਕਿਸੇ ਮਾਨਤਾ-ਪ੍ਰਾਪਤ ਵਣਜ ਮੰਡਲ ਦੁਆਰਾ ਜਾਰੀ ਕੀਤਾ ਗਿਆ ਪ੍ਰਮਾਣ-ਪੱਤਰ ਜਾਂ ਰਸੀਦ ਜਿਸ ਵਿੱਚ ਖੇਪ ਦਾ ਤੋਲ ਜਾਂ ਮਾਪ ਵਿਖਾਇਆ ਗਿਆ ਹੋਵੇ ।

7. ਕਿਸੇ ਬੰਦਰਗਾਹ ਅਥਾਰਿਟੀ ਦੁਆਰਾ ਜਾਰੀ ਕੀਤੀਆਂ ਗਈਆਂ ਰਿਪੋਟਾਂ ਅਤੇ ਪ੍ਰਕਾਸ਼ਨ, ਜਿਨ੍ਹਾਂ ਵਿੱਚ ਪੋਤਾਂ ਦੇ ਆਉਣ-ਜਾਣ ਦਾ ਵਿਵਰਣ ਹੋਵੇ, ਅਤੇ ਅਜਿਹੇ ਆਉਣ-ਜਾਣ ਸੰਬੰਧੀ ਉਸ ਅਥਾਰਿਟੀ ਦੁਆਰਾ ਜਾਰੀ ਕੀਤੇ ਗਏ ਪ੍ਰਮਾਣ-ਪੱਤਰ ।

8. ਉੜਾਨ ਲਈ ਸੁਰਖਿਅਤਾ ਦਾ ਪ੍ਰਮਾਣ-ਪੱਤਰ, ਜਿਸਤੇ ਕਿਸੇ ਲਸੰਸ-ਪ੍ਰਾਪਤ ਗਰਾਉਂਡ ਇੰਜੀਨੀਅਰ ਦੁਆਰਾ ਦਸਖ਼ਤ ਕੀਤੇ ਗਏ ਹੋਣ ।

9. ਏਅਰਕਰਾਫ਼ਟ ਬਾਰੇ ਮਾਲਕ ਜਾਂ ਚਾਲਕ ਦੁਆਰਾ ਰੱਖੀ ਗਈ ਏਅਰਕ੍ਰਾਫ਼ਟ ਲਾਗ ਬੁੱਕ, ਸਫ਼ਰ ਲਾਗ ਬੁੱਕ ਅਤੇ ਲਾਗ ਬੁੱਕ ।

10. ਲੋਕ ਟਰਾਂਸਪੋਰਟ ਏਅਰਕ੍ਰਾਫ਼ਟ ਵਿੱਚ ਲਿਜਾਈ ਗਈ ਸਵਾਰੀ-ਸੂਚੀ ਜਾਂ ਮਾਲ ਦੀ ਸੂਚੀ।

11. ਕਿਸੇ ਸਟੀਮਸ਼ਿਪ ਕੰਪਨੀ ਜਾਂ ਹਵਾਈ ਟਰਾਂਸਪੋਰਟ ਕੰਪਨੀ ਦੁਆਰਾ ਜਾਰੀ ਕੀਤਾ ਗਿਆ ਸਵਾਰੀ ਟਿਕਟ ।

12. ਹਵਾ ਦੁਆਰਾ ਲਿਜਾਏ ਗਏ ਮਾਲ ਬਾਰੇ ਕਿਸੇ ਹਵਾਈ ਟਰਾਂਸਪੋਰਟ ਕੰਪਨੀ ਦੁਆਰਾ ਜਾਰੀ ਕੀਤਾ ਗਿਆ ਹਵਾਈ ਮਾਲ-ਭਿਜਵਾਈ ਪੱਤਰ ਅਤੇ ਯਾਤਰੀ-ਸਾਮਾਨ ਜਾਂਚ-ਪੜਤਾਲ ਪੱਤਰ ਅਤੇ ਉਸਦੀ ਪ੍ਰਤਿ-ਪਰਚੀ ਜਾਂ ਦੂਜੀ ਪਰਤ ਜੋ ਵਾਹਕ ਨੇ ਆਪਣੇ ਪਾਸ ਰੱਖੀ ਹੋਵੇ ।

13. ਏਅਰਕ੍ਰਾਫ਼ਟ ਲਦਾਨ ਪੱਤਰ ।

14. ਕਿਸੇ ਸੀਮਾ-ਮਸੂਲ, ਐਕਸਾਈਜ਼, ਬੰਦਰਗਾਹ, ਗੋਦੀ, ਹਾਰਬਰ ਜਾਂ ਘਾਟ ਅਥਾਰਿਟੀ ਤੋਂ ਮਾਨਤਾ-ਪ੍ਰਾਪਤ ਮਾਲ-ਗੁਦਾਮ ਦਾ ਸਟੋਰ ਕਰਨ ਦਾ ਵਰੰਟ ।

15. ਕਿਸੇ ਬੰਦਰਗਾਹ, ਗੋਦੀ, ਹਾਰਬਰ, ਘਾਟ ਜਾਂ ਮਾਲ-ਗੁਦਾਮ ਅਥਾਰਿਟੀ ਦੁਆਰਾ ਜਾਂ ਕਿਸੇ ਰੇਲਵੇ ਜਾਂ ਸਟੀਮਸ਼ਿਪ ਕੰਪਨੀ ਦੁਆਰਾ ਮਾਲ ਲਈ ਦਿੱਤੀ ਗਈ ਰਸੀਦ ।

16. ਸੀਮਾ-ਮਸੂਲ ਜਾਂ ਐਕਸਾਈਜ਼ ਅਥਾਰਿਟੀ ਦੁਆਰਾ ਜਾਰੀ ਕੀਤਾ ਗਿਆ ਸੀਮਾ-ਮਸੂਲ ਜਾਂ ਐਕਸਾਈਜ਼ ਪਾਸ ਅਤੇ ਸੀਮਾਂ-ਮਸੂਲ ਜਾਂ ਐਕਸਾਈਜ਼ ਪਰਮਿਟ ਜਾਂ ਪ੍ਰਮਾਣ-ਪੱਤਰ ।

17. ਕਿਸੇ ਮਾਨਤਾ-ਪ੍ਰਾਪਤ ਵਣਜ ਮੰਡਲ ਦੁਆਰਾ ਜਾਰੀ ਕੀਤਾ ਗਿਆ ਅਟਲ ਘਟਨਾ ਦਾ ਪ੍ਰਮਾਣ-ਪੱਤਰ ।

18. ਕਿਸੇ ਰੇਲਵੇ ਜਾਂ ਸਟੀਮਸ਼ਿਪ ਕੰਪਨੀ ਨੂੰ ਟਰਾਂਸਪੋਰਟ ਲਈ ਸੌਂਪੇ ਗਏ ਮਾਲ ਦੀ ਸਵੀਕ੍ਰਿਤੀ ਬਾਰੇ ਭੇਜਣ ਵਾਲੇ ਨੂੰ ਉਸ ਕੰਪਨੀ ਦੁਆਰਾ ਦਿੱਤੀ ਗਈ ਰਸੀਦ ।

19. ਡਾਕ-ਤਾਰ ਵਿਭਾਗ ਦੁਆਰਾ ਦਿੱਤੀ ਗਈ ਰਸੀਦ ।

20. ਕਿਸੇ ਮਾਲ ਦੀ ਕੁਆਲਿਟੀ, ਆਕਾਰ, ਤੋਲ ਜਾਂ ਮੁੱਲ-ਅੰਕਣ, ਸੂਤ ਦੇ ਕਾਉਂਟ ਜਾਂ ਸੂਤ ਅਤੇ ਹੋਰ ਮਾਲ ਵਿੱਚ ਨਮੀ ਦੇ ਪ੍ਰਤੀ ਸੈਂਕੜਾ ਭਾਗ ਸੰਬੰਧੀ ਕਿਸੇ ਮਾਨਤਾ-ਪ੍ਰਾਪਤ ਵਣਜ ਮੰਡਲ ਦੁਆਰਾ ਜਾਰੀ ਕੀਤਾ ਗਿਆ ਪ੍ਰਮਾਣ-ਪੱਤਰ ਜਾਂ ਸਰਵੇਖਣ ਐਵਾਰਡ ।

21. 'ਦ ਇੰਡੀਅਨ ਕੰਪਨੀਜ਼ ਐਕਟ, 1913' ਅਤੇ ਉਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਕੰਪਨੀ ਦੇ ਰਜਿਸਟਰਾਰ ਪਾਸ ਫਾਈਲ ਕੀਤੇ ਗਏ ਕਿਸੇ ਕੰਪਨੀ ਦੇ ਸੰਤੁਲਨ ਪੱਤਰ, ਲਾਭ-ਹਾਨ ਲੇਖੇ ਅਤੇ ਆਡਿਟ ਰਿਪੋਰਟ ਦੀ ਨਕਲ, ਜੋ ਉਕਤ ਰਜਿਸਟਰਾਰ ਦੁਆਰਾ ਪ੍ਰਮਾਣਤ ਹੋਵੇ । 1913 ਦਾ 7